ਵਿਸ਼ਾ :- ਵਾਤਾਵਰਣ ਸਿੱਖਿਆ
ਜਮਾਤ - ਤੀਸਰੀ

ਕੁੱਲ ਅੰਕ 100

ਪ੍ਰ.1. ਸਭ ਤੋਂ ਕੀਮਤੀ ਚੀਜ਼ ਕੀ ਹੈ?
(1) ਮਕਾਨ (2) ਪਾਣੀ (3) ਰੋਟੀ (4) ਕਪੜੇ

ਪ੍ਰ.2. ਗੰਨਾ ਪੌਦੇ ਦਾ ਕਿਹੜਾ ਹਿੱਸਾ ਹੈ?
(1) ਜੜ੍ਹ (2) ਟਾਹਣੀ (3) ਤਣਾ (4) ਪੱਤੇ

ਪ੍ਰ.3. ਤੋਤੇ ਦਾ ਮਨਪਸੰਦ ਭੋਜਨ ਕੀ ਹੈ?
(1) ਅਨਾਰ (2) ਸੇਬ (3) ਟਮਾਟਰ (4) ਮਿਰਚ

ਪ੍ਰ.4. ਕਿਹੜੇ ਪੰਛੀ ਦੀ ਨਸਲ ਮੁੱਕ ਗਈ ਹੈ?
(1) ਗਿਰਝ (2) ਕਾਂ (3) ਕੋਇਲ (4) ਘੁੱਗੀ

ਪ੍ਰ.5. ਕਿਹੜਾ ਪੌਦਾ ਦੂਜੀਆਂ ਫਸਲਾਂ ਦੀ ਖੁਰਾਕ ਖਾ ਜਾਂਦਾ ਹੈ?
(1) ਕਿੱਕਰ (2) ਗੁੱਲੀ ਡੰਡਾ (3) ਗਾਜਰ ਘਾਹ (4) ਦੁਪਹਿਰ ਬੂਟੀ

ਪ੍ਰ.6. ਪਿੰਡ ਦੀ ਰਖਵਾਲੀ ਕੌਣ ਕਰਦਾ ਹੈ?
(1) ਸਰਪੰਚ (2) ਪੁਲਿਸ (3) ਪੰਚਾਇਤ (4) ਚੌਕੀਦਾਰ

ਪ੍ਰ.7. ਮਰੀਜ਼ਾਂ ਨੂੰ ਵੇਖਣਵਾਲੇ ਨੂੰ ਕੀ ਕਹਿੰਦੇ ਹਨ?
(1) ਡਾਕਟਰ (2) ਨਰਸ (3) ਸਫਾਈ ਸੇਵਕ (4) ਵਕੀਲ

ਪ੍ਰ.8. ਛੂਹ ਕੇ ਪੜ੍ਹਨ ਵਾਲੀ ਲਿੱਪੀ ਨੂੰ ਕੀ ਕਹਿੰਦੇ ਹਨ?
(1) ਗੁਰਮੁਖੀ (2) ਦੇਵਨਾਗਰੀ (3) ਬਰੇਲ (4) ਮਲਵਈ

ਪ੍ਰ.9. ਮਾਤਾ ਜੀ ਦੀ ਭੈਣ ਨੂੰ ਕੀ ਕਹਿੰਦੇ ਹਨ?
(1) ਚਾਚੀ (2) ਮਾਸੀ (3) ਤਾਈ (4) ਭੂਆ

ਪ੍ਰ.10. ਖਿਡੌਣੇ ਬਣਾਉਣ ਲਈ ਸੱਭ ਤੋਂ ਵਧੀਆ ਮਿੱਟੀ ਕਿਹੜੀ ਹੈ?
(1) ਰੇਤਲੀ ਮਿੱਟੀ (2) ਚੀਕਣੀ ਮਿੱਟੀ (3) ਲਾਲ ਮਿੱਟੀ (4) ਕਾਲੀ ਮਿੱਟੀ

ਪ੍ਰ.11. ਆਮ ਲੋਕਾਂ ਦੇ ਦੇਖਣ ਲਈ ਪੁਰਾਣੀਆਂ ਵਸਤਾਂ ਕਿੱਥੇ ਰੱਖੀਆਂ ਜਾਂਦੀਆਂ ਹਨ?
(1) ਲਾਇਬ੍ਰੇਰੀ (2) ਚਿੜੀਆ ਘਰ (3) ਅਜਾਇਬ ਘਰ (4) ਸਿਨੇਮਾ ਘਰ

ਪ੍ਰ.12. ਪੁਰਾਣੇ ਸਮੇਂ ਵਿੱਚ ਲੋਕ ਸੁਨੇਹੇ ਕਿਵੇਂ ਭੇਜਦੇ ਸਨ?
(1) ਕਬੂਤਰ ਰਾਹੀਂ (2) ਟੈਲੀਫੋਨ ਰਾਹੀਂ (3) ਚਿੱਠੀ ਰਾਹੀਂ (4) ਤੋਤੇ ਰਾਹੀਂ

ਪ੍ਰ.13. ਸਭ ਤੋਂ ਸੁੰਦਰ ਆਲ੍ਹਣਾ ਕਿਹੜਾ ਪੰਛੀ ਬਣਾਉਂਦਾ ਹੈ?
(1) ਘੁੱਗੀ (2) ਚੱਕੀਰਾਗ (3) ਤੋਤਾ (4) ਬਿਜੜਾ

ਪ੍ਰ.14. ਕਿਹੜਾ ਪੌਦਾ ਖੁੱਲ੍ਹੀ ਛਤਰੀ ਵਰਗਾ ਹੁੰਦਾ ਹੈ?
(1) ਬਰਮਾ ਡੇਕ (2) ਪਿੱਪਲ (3) ਬੋਹੜ (4) ਕਿੱਕਰ

ਪ੍ਰ.15. ਬੈਰ੍ਹੇ ਦਾ ਕੀ ਕੰਮ ਹੈ?
(1) ਮਨੋਰੰਜਨ ਕਰਨਾ (2) ਖਾਣਾ ਪਕਾਉਣਾ (3) ਖਾਣਾ ਵਰਤਾਉਣਾ (4) ਸਜਾਵਟ ਕਰਨੀ

ਪ੍ਰ.16. ਬਾਂਸ ਦੇ ਘਰ ਕਿਸ ਰਾਜ ਵਿੱਚ ਬਣਦੇ ਹਨ?
(1) ਹਰਿਆਣਾ (2) ਆਸਾਮ (3) ਕਰਨਾਟਕ (4) ਹਿਮਾਚਲ ਪ੍ਰਦੇਸ਼

ਪ੍ਰ.17. ਡੱਲ ਝੀਲ ਕਿੱਥੇ ਸਥਿਤ ਹੈ?

(1) ਡਲਹੌਜੀ (2) ਸ਼ਿਮਲਾ (3) ਦੇਹਰਾਦੂਨ (4) ਸ੍ਰੀ ਨਗਰ

ਪ੍ਰ.18. ਇਲੈਕਟ੍ਰੋਨਿਕ ਮੇਲ ਨੂੰ ਹੋਰ ਕੀ ਕਿਹਾ ਜਾਂਦਾ ਹੈ?

(1) ਈ-ਮੇਲ (2) ਟੈਲੀਗ੍ਰਾਮ (3) ਫੈਕਸ (4) ਮੋਬਾਇਲ

ਪ੍ਰ.19. ਰੰਗ ਉਤਰਨ ਤੋਂ ਬਾਅਦ ਕੱਪੜੇ ਕਿਹੋ ਜਿਹੇ ਲੱਗਦੇ ਹਨ?

(1) ਨਵੇਂ (2) ਸੋਹਣੇ (3) ਭੱਦੇ (4) ਚਿੱਟੇ

ਪ੍ਰ.20. ਹੇਠ ਲਿਖਿਆਂ ਵਿਚੋਂ ਕਿਹੜਾ ਸਾਧਨ ਪ੍ਰਦੂਸ਼ਣ ਨਹੀਂ ਕਰਦਾ?

(1) ਰੇਲ-ਗੱਡੀ (2) ਬੱਸ (3) ਜਹਾਜ਼ (4) ਸਾਈਕਲ

ਪ੍ਰ.21. ਅਸਮਾਨ ਵਿੱਚ ਸਤਰੰਗੀ ਪੀਂਘ ਕਦੋਂ ਬਣਦੀ ਹੈ?

(1) ਮੀਂਹ ਪੈਣ ਤੋਂ ਬਾਅਦ (2) ਬੱਦਲ ਆਉਣ ਤੋਂ ਬਾਅਦ

(3) ਹਨੇਰੀ ਆਉਣ ਤੋਂ ਬਾਅਦ (4) ਫੁੱਲ ਖਿੜਨ ਤੋਂ ਬਾਅਦ

ਪ੍ਰ.22. ਸ੍ਰੀ ਅੰਮ੍ਰਿਤਸਰ ਵਿਖੇ ਕਿਹੜਾ ਪਵਿੱਤਰ ਸਥਾਨ ਹੈ?

(1) ਜਲ੍ਹਿਆਂ ਵਾਲਾ ਬਾਗ (2) ਬਾਘਾ ਬਾਰਡਰ (3) ਹਰਿਮੰਦਰ ਸਾਹਿਬ (4) ਯੂਨੀਵਰਸਿਟੀ

ਪ੍ਰ.23. ਪੁਰਾਣੇ ਸਮੇਂ ਵਿੱਚ ਮਨੁੱਖ ਕਿੱਥੇ ਰਹਿੰਦਾ ਸੀ?॥

(1) ਗੁਫਾ ਵਿੱਚ (2) ਟੈਂਟ ਵਿੱਚ (3) ਘਰ ਵਿੱਚ (4) ਰੁੱਖਾਂ ਉੱਤੇ

ਪ੍ਰ.24. ਕਿਸ਼ਤੀ ਵਿੱਚ ਬਣੇ ਘਰ ਨੂੰ ਕੀ ਕਹਿੰਦੇ ਹਨ?

(1) ਟੈਂਟ (2) ਘਰ (3) ਸ਼ਿਕਾਰਾ (4) ਕਿਸ਼ਤੀ

ਪ੍ਰ.25. ਬਿੱਲੀ ਦਾ ਮੁੱਖ ਭੋਜਨ ਕੀ ਹੈ?

(1) ਗਾਜਰ (2) ਘਾਹ (3) ਚੂਹਾ (4) ਕੁੱਤਾ

ਪ੍ਰ.26. ਮੁਰਗੀਆਂ ਦੇ ਰਹਿਣ ਸਥਾਨ ਨੂੰ ਕੀ ਕਹਿੰਦੇ ਹਨ?

(1) ਖੁੱਡ (2) ਸ਼ੈੱਡ (3) ਖੁੱਡਾ (4) ਗੁਫਾ

ਪ੍ਰ.27. ਗੁਜਰਾਤ ਦਾ ਮੁੱਖ ਭੋਜਨ ਕੀ ਹੈ?

(1) ਚਾਵਲ-ਮੱਛੀ (2) ਢੋਕਲਾ (3) ਉਤਪਮ (4) ਡੋਸਾ

ਪ੍ਰ.28. ਭੋਜਨ ਪਕਾਉਣ ਲਈ ਸਭ ਤੋਂ ਜਰੂਰੀ ਚਜ਼ ਕੀ ਹੈ?

(1) ਅੱਗ (2) ਘਿਓ (3) ਮਸਾਲੇ (4) ਪਾਣੀ

ਪ੍ਰ.29. ਇੱਕ ਪੂਰਨ ਖੁਰਾਕ ਕਿਸ ਨੂੰ ਕਿਹਾ ਜਾਂਦਾ ਹੈ?

(1) ਪਾਣੀ (2) ਦੁੱਧ (3) ਜੂਸ (4) ਲੱਸੀ

ਪ੍ਰ.30. ਕਿਹੜੇ ਪੰਛੀ ਅਵਾਜ਼ ਬਹੁਤ ਮਿੱਠੀ ਹੁੰਦੀ ਹੈ?

(1) ਮੋਰ (2) ਘੁੱਗੀ (3) ਕੋਇਲ (4) ਤੋਤਾ

ਪ੍ਰ.31. ਕਿਹੜਾ ਜਾਨਵਰ ਰੇਂਗਦਾ ਹੈ?

(1) ਗਾਂ (2) ਡੱਡੂ (3) ਮੱਛੀ (4) ਸੱਪ

ਪ੍ਰ.32. ਰੁੱਖਾਂ ਦੇ ਨਵੇਂ ਪੱਤੇ ਕਦੋਂ ਨਿਕਲਦੇ ਹਨ?

(1) ਬਸੰਤ ਰੁੱਤ ਵਿੱਚ (2) ਪਤਝੜ ਵਿੱਚ (3) ਗਰਮੀ ਵਿੱਚ (4) ਬਰਸਾਤ ਵਿੱਚ

ਪ੍ਰ.33. ਕੱਪੜਾ ਠੋਕਣ ਵਾਲੇ ਨੂੰ ਕੀ ਕਹਿੰਦੇ ਹਨ?

(1) ਦਰਜ਼ੀ (2) ਲਲਾਰੀ (3) ਪੇਂਟਰ (4) ਜੁਲਾਹਾ

ਪ੍ਰ.34. ਪੌਦਿਆਂ ਦੇ ਪੱਤਿਆਂ ਨੂੰ ਕੀ ਕਰਨਾ ਚਾਹੀਦਾ ਹੈ?

(1) ਸੁੱਟਣਾ (2) ਅੱਗ ਲਗਾਉਣੀ (3) ਖਾਦ ਬਣਾਉਣੀ (4) ਵੇਚਣਾ

ਪ੍ਰ.35. ਕਿਸੇ ਪੱਤਰ ਦੀ ਨਕਲ ਇੱਕ ਤੋਂ ਦੂਜੀ ਥਾਂ ਕਿਵੇਂ ਭੇਜੀ ਜਾਂਦੀ ਹੈ?

(1) ਫੈਕਸ ਰਾਹੀਂ (2) ਚਿੱਠੀ ਰਾਹੀਂ (3) ਮੋਬਾਇਲ ਰਾਹੀਂ (4) ਟੈਲੀਫੋਨ ਰਾਹੀਂ

ਪ੍ਰ.36. ਗਾਰਡ ਕਿਸ ਨੂੰ ਕਹਿੰਦੇ ਹਨ?

(1) ਟਿਕਟ ਵੇਚਣ ਵਾਲੇ ਨੂੰ (2) ਟਿਕਟ ਵੇਖਣ ਵਾਲੇ ਨੂੰ

(3) ਗੱਡੀ ਨੂੰ ਝੰਡਾ ਵਿਖਾਉਣ ਵਾਲੇ ਨੂੰ (4) ਗੱਡੀ ਚਲਾਉਣ ਵਾਲੇ ਨੂੰ

ਪ੍ਰ.37. ਭੂਮੀ-ਖੋਰ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

(1) ਰੁੱਖਾਂ ਨੂੰ ਵੱਢ ਕੇ (2) ਰੁੱਖਾਂ ਨੂੰ ਅੱਗ ਲਗਾ ਕੇ (3) ਰੁੱਖ ਲਗਾ ਕੇ (4) ਘਰ ਬਣਾ ਕੇ

ਪ੍ਰ.38. ਪੰਜਾਬ ਦਾ ਮੁੱਖ ਤਿਉਹਾਰ ਕਿਹੜਾ ਹੈ?

(1) ਹੋਲੀ (2) ਵਿਸਾਖੀ (3) ਈਦ (4) ਦੀਵਾਲੀ

ਪ੍ਰ.39. ਪਾਣੀ ਦਾ ਮੁੱਖ ਸੋਮਾ ਕਿਹੜਾ ਹੈ?

(1) ਮੀਂਹ (2) ਤਲਾਬ (3) ਟਿਊਬਵੈਲ (4) ਨਲਕਾ

ਪ੍ਰ.40. ਸਕੂਲ ਵਿੱਚ ਮਿਲਣ ਵਾਲੇ ਦੁਪਹਿਰ ਦੇ ਭੋਜਨ ਨੂੰ ਕੀ ਕਹਿੰਦੇ ਹਨ?

(1) ਨਾਸ਼ਤਾ (2) ਮਿਡ-ਡੇ-ਮੀਲ (3) ਲੰਗਰ (4) ਪ੍ਰਸ਼ਾਦ

ਪ੍ਰ.41. ਜਿੱਥੇ ਪਿੰਡ ਦੇ ਲੋਕ ਬੈਠ ਕੇ ਵਿਹਲਾ ਸਮਾਂ ਗੁਜਾਰਦੇ ਹਨ, ਉਸਨੂੰ ਕੀ ਕਹਿੰਦੇ ਹਨ?

(1) ਸੱਥ (2) ਤ੍ਰਿੰਝਣ (3) ਦੁਕਾਨ (4) ਘਰ

ਪ੍ਰ.42. ਤੁਹਾਡੇ ਦਾਦਾ ਜੀ ਦੀ ਬੇਟੀ ਤੁਹਾਡੀ ਕੀ ਲੱਗਦੀ ਹੈ?

(1) ਮਾਸੀ ਜੀ (2) ਮਾਤਾ ਜੀ (3) ਭੂਆ ਜੀ (4) ਚਾਚੀ ਜੀ

ਪ੍ਰ.43. ਪੀਲੀ ਬੱਤੀ ਹੋਣ ਤੇ ਕੀ ਕਰਨਾ ਚਾਹੀਦਾ ਹੈ?

(1) ਚੱਲਣਾ (2) ਰੁਕਣਾ (3) ਤਿਆਰ ਹੋਣਾ (4) ਹਾਰਨ ਮਾਰਨਾ

ਪ੍ਰ.44. ਪੁਰਾਣੇ ਸਮਿਆਂ ਵਿੱਚ ਲੋਕ ਕਿਹੜੇ ਬਰਤਨ ਵਰਤਦੇ ਸਨ?

(1) ਕੱਚ ਦੇ (2) ਮਿੱਟੀ ਦੇ (3) ਸਟੀਲ ਦੇ (4) ਲੋਹੇ ਦੇ

ਪ੍ਰ.45. ਮਿੱਟੀ ਦੇ ਭਾਂਡੇ ਬਣਾਉਣ ਵਾਲੇ ਨੂੰ ਕੀ ਕਹਿੰਦੇ ਹਨ?

(1) ਠਠੇਰਾ (2) ਸੁਨਿਆਰ (3) ਘੁਮਿਆਰ (4) ਤਰਖਾਣ

ਪ੍ਰ.46. ਕੂੜਾ ਕਿੱਥੇ ਸੁੱਟਣਾ ਚਾਹੀਦਾਹੈ?

(1) ਘਰ ਦੇ ਬਾਹਰ (2) ਸੜਕ ਉੱਤੇ (3) ਕੂੜੇਦਾਨ ਵਿੱਚ (4) ਨਾਲੀ ਵਿੱਚ

ਪ੍ਰ.47. ਖੇਤੀ ਕਰਨ ਲਈ ਕਿਸ ਸਾਧਨ ਦੀ ਵਰਤੋਂ ਕੀਤੀ ਜਾਂਦੀ ਹੈ?

(1) ਰੇਲ ਗੱਡੀ (2) ਟਰੱਕ (3) ਕਾਰ (4) ਟਰੈਕਟਰ

ਪ੍ਰ.48. ਟੈਂਟ ਵਾਲਾ ਘਰ ਕਿਸ ਚੀਜ਼ ਦਾ ਬਣਿਆ ਹੁੰਦਾ ਹੈ?

(1) ਬਾਂਸ ਅਤੇ ਤਰਪਾਲ (2) ਇੱਟਾਂ ਸੀਮਿੰਟ (3) ਘਾਹ ਫੂਸ (4) ਮਿੱਟੀ ਅਤੇ ਬਾਂਸ

ਪ੍ਰ.49. ਸ਼ਕਰਕੰਦੀ ਪੌਦੇ ਦਾ ਕਿਹੜਾ ਭਾਗ ਹੈ?

(1) ਜੜ੍ਹ (2) ਪੱਤੇ (3) ਤਣਾ (4) ਬੀਜ਼

ਪ੍ਰ.50. ਬੇਕਿੰਗ ਲਈ ਕਿਹੜਾ ਬਰਤਨ ਵਰਤਿਆ ਜਾਂਦਾ ਹੈ?

(1) ਪਤੀਲਾ (2) ਲੋਹੇ ਦੀ ਟਰੇਅ (3) ਪ੍ਰੈਸ਼ਰ ਕੁੱਕਰ (4) ਕੜਾਹੀ

ਪ੍ਰ.51. ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਕਿੱਥੋਂ ਦਾ ਭੋਜਨਹੈ?

(1) ਹਰਿਆਣਾ (2) ਗੁਜਰਾਤ (3) ਹਿਮਾਚਲ ਪ੍ਰਦੇਸ਼ (4) ਪੰਜਾਬ

ਪ੍ਰ.52. ਕਾਕਰੋਚ ਦੀਆਂ ਕਿੰਨੀਆਂ ਲੱਤਾਂ ਹੁੰਦੀਆਂ ਹਨ?

(1) ਚਾਰ (2) ਛੇ (3) ਦੋ (4) ਤਿੰਨ

ਪ੍ਰ.53. ਕਿਸ ਪੌਦੇ ਦੀਆਂ ਟਾਹਣੀਆਂ ਅਤੇ ਪੱਤੇ ਕੌੜੇ ਅਤੇ ਫਲ ਮਿੱਠਾ ਹੁੰਦਾ ਹੈ?

(1) ਕਿੱਕਰ (2) ਸਫੈਦਾ (3) ਨਿੰਮ (4) ਬੋਹੜ

ਪ੍ਰ.54. ਇਗਲੂ ਕਿਸ ਚੀਜ਼ ਤੋਂ ਬਣਦੇ ਹਨ?

(1) ਘਾਹ (2) ਇੱਟਾਂ (3) ਬਰਫ਼ (4) ਰੇਤ

ਪ੍ਰ.55. ਭਾਰਤ ਦਾ ਰਾਸ਼ਟਰੀ ਪੰਛੀ ਕਿਹੜਾ ਹੈ?

(1) ਬਗਲਾ (2) ਮੋਰ (3) ਤੋਤਾ (4) ਕਬੂਤਰ

ਪ੍ਰ.56. ਕਿਸ ਫਸਲ ਲਈ ਵੱਧ ਪਾਣੀ ਦੀ ਲੋੜ ਹੁੰਦੀ ਹੈ?

(1) ਕਣਕ (2) ਮੱਕੀ (3) ਕਪਾਹ (4) ਝੋਨਾ

ਪ੍ਰ.57. ਇਹਨਾਂ ਵਿਚੋਂ ਕਿਹੜਾ ਕੱਪੜਾ ਅਣਸੀਤੇ ਪਹਿਨ ਸਕਦੇ ਹਾਂ?

(1) ਧੋਤੀ (2) ਸਾੜੀ (3) ਲੂੰਗੀ (4) ਉਪਰੋਕਤ ਸਾਰੇ

ਪ੍ਰ.58. ਇਹਨਾਂ ਵਿਚੋਂ ਕਿਹੜੀ ਖੇਡ ਕਮਰੇ ਵਿੱਚ ਖੇਡੀ ਜਾ ਸਕਦੀ ਹੈ?

(1) ਲੂਡੋ (2) ਫੁੱਟਬਾਲ (3) ਕ੍ਰਿਕਟ (4) ਹਾਕੀ

ਪ੍ਰ.59. ਦੁਗਿਆਨਾ ਮੰਦਰ ਕਿੱਥੇ ਹੈ?

(1) ਤਰਨਤਾਰਨ (2) ਲੁਧਿਆਣਾ (3) ਸ੍ਰੀ ਅੰਮ੍ਰਿਤਸਰ (4) ਪਟਿਆਲਾ

ਪ੍ਰ.60. ਹੋਲਾ-ਮਹੱਲਾ ਕਿੱਥੇ ਮਨਾਇਆ ਜਾਂਦਾ ਹੈ?

(1) ਫਤਿਹਗੜ੍ਹ ਸਾਹਿਬ (2) ਆਨੰਦਪੁਰ ਸਾਹਿਬ (3) ਮੁਕਤਸਰ ਸਾਹਿਬ (4) ਅੰਮ੍ਰਿਤਸਰ ਸਾਹਿਬ

ਪ੍ਰ.61. ਭਾਖੜਾ ਡੈਮ ਕਿਸ ਨਦੀ ਤੇ ਬਣਿਆ ਹੈ?

(1) ਸਤਲੁਜ (2) ਬਿਆਸ (3) ਰਾਵੀ (4) ਗੰਗਾ

ਪ੍ਰ.62. ਘਾਹ-ਫੂਸ ਦੇ ਘਰ ਕਿਸ ਰਾਜ ਵਿੱਚ ਹਨ?

(1) ਪੰਜਾਬ (2) ਆਸਾਮ (3) ਰਾਜਸਥਾਨ (4) ਗੁਜਰਾਤ

ਪ੍ਰ.63. ਕਿਸ ਤਿਉਹਾਰ ਤੇ ਘਰਾਂ ਦੀ ਸਫਾਈ ਕੀਤੀ ਜਾਂਦੀ ਹੈ?

(1) ਹੋਲੀ (2) ਦੁਸਹਿਰਾ (3) ਲੋਹੜੀ (4) ਦੀਵਾਲੀ

ਪ੍ਰ.64. ਤੜਕੇ ਉੱਠ ਕੇ ਬਾਂਗ ਕੌਣ ਦਿੰਦਾ ਹੈ?

(1) ਕੁੱਤਾ (2) ਖਰਗੋਸ਼ (3) ਕੁੱਕੜ (4) ਬਿੱਲੀ

ਪ੍ਰ.65. ਚੱਕੀਰਾਹਾ ਕੀ ਖਾਂਦਾ ਹੈ?

(1) ਕੀੜੇ-ਮਕੌੜੇ (2) ਘਾਹ (3) ਦਾਣੇ (4) ਮਿਰਚ

ਪ੍ਰ.66. ਬਗਲੇ ਦਾ ਮਨਪਸੰਦ ਭੋਜਨ ਕੀ ਹੈ?

(1) ਮੋਤੀ (2) ਮੱਛੀ (3) ਦੁੱਧ (4) ਘਾਹ

ਪ੍ਰ.67. ਨਰਮਾ-ਕਪਾਹ ਕਿੱਥੇ ਮਿਲਦੀ ਹੈ?

(1) ਕਰਨਾਟਕ (2) ਜੰਮੂ-ਕਸ਼ਮੀਰ (3) ਪੰਜਾਬ ਹਰਿਆਣਾ (4) ਤਾਮਿਲਨਾਡੂ

ਪ੍ਰ.68. ਦਵਾਈਆਂ ਹਵਾ ਅਤੇ ਪਾਣੀ ਨੂੰ ਕਿਹੋ ਜਿਹਾ ਬਣਾਉਂਦੀਆਂ ਹਨ?

(1) ਜਹਿਰੀਲਾ (2) ਗਦਾ (3) ਸੁੰਦਰ (4) ਕੌੜਾ

ਪ੍ਰ.69. ਕਿਸ ਪੌਦੇ ਦਾ ਤਣਾ ਮੋਟਾ ਹੁੰਦਾ ਹੈ?

(1) ਸਫੈਦਾ (2) ਬੋਹੜ (3) ਕਿੱਕਰ (4) ਕੇਲਾ

ਪ੍ਰ.70. ਕਿੱਕਰ ਦਾ ਤਣਾ ਕਿਸ ਰੰਗ ਦਾ ਹੁੰਦਾ ਹੈ?

(1) ਚਿੱਟਾ (2) ਭੂਰਾ (3) ਕਾਲਾ (4) ਲਾਲ

ਪ੍ਰ.71. ਘਰ ਦੀ ਉਸਾਰੀ ਕਰਨ ਵਾਲੇ ਨੂੰ ਕੀ ਕਹਿੰਦੇ ਹਨ?

(1) ਤਰਖਾਣ (2) ਮੋਚੀ (3) ਰਾਜ ਮਿਸਤਰੀ (4) ਦਰਜੀ

ਪ੍ਰ.72. ਤੁਹਾਡੇ ਨਾਨਾ ਜੀ ਦਾ ਪੁੱਤਰ ਤੁਹਾਡਾ ਕੀ ਲੱਗਦਾ ਹੈ?

(1) ਚਾਚਾ ਜੀ (2) ਮਾਮਾ ਜੀ (3) ਪਿਤਾ ਜੀ (4) ਮਾਸੜ ਜੀ

ਪ੍ਰ.73. ਤੁਹਾਨੂੰ ਪਰਿਵਾਰ ਵਿੱਚੋਂ ਕੀ-ਕੀ ਮਿਲਦਾ ਹੈ?

(1) ਪਿਆਰ (2) ਚੰਗੀਆਂ ਆਦਤਾਂ (3) ਖਾਣਾ (4) ਉਪਰੋਕਤ ਸਾਰੇ

ਪ੍ਰ.74. ਕਿਹੜੀ ਆਦਤ ਮਾੜੀ ਹੈ?

(1) ਨਹਾਉਣਾ (2) ਝੂਠ ਬੋਲਣਾ (3) ਬੁਰਸ਼ ਕਰਨਾ (4) ਜਲਦੀ ਉੱਠਣਾ

ਪ੍ਰ.75. ਬ੍ਰੇਲ ਲਿੱਪੀ ਕਿਹੜੇ ਲੋਕਾਂ ਲਈ ਹੈ?

(1) ਤੁਰ ਨਹੀਂ ਸਕਦੇ (2) ਵੇਖ ਨਹੀਂ ਸਕਦੇ (3) ਬੋਲ ਨਹੀਂ ਸਕਦੇ (4) ਸੁਣ ਨਹੀਂ ਸਕਦੇ

ਪ੍ਰ.76. ਪੰਜਾਬ ਦੀ ਰਾਜਧਾਨੀ ਕਿਹੜੀ ਹੈ?

(1) ਦਿੱਲੀ (2) ਹਰਿਆਣਾ (3) ਚੰਡੀਗੜ੍ਹ (4) ਮੋਹਾਲੀ

ਪ੍ਰ.77. ਸੌਦਾ ਕਿਸ ਦੁਕਾਨ ਤੋਂ ਮਿਲਦਾ ਹੈ?

(1) ਹਲਵਾਈ ਦੀ ਦੁਕਾਨ (2) ਸੁਨਿਆਰੇ ਦੀ ਦੁਕਾਨ (3) ਮਨਿਆਰੀ ਦੀ ਦੁਕਾਨ (4) ਕਰਿਆਨੇ ਦੀ ਦੁਕਾਨ

ਪ੍ਰ.78. ਕਿਹੜੀ ਖੇਡ ਮੈਦਾਨ ਵਿੱਚ ਖੇਡੀ ਜਾਂਦੀ ਹੈ?

(1) ਸ਼ਤਰੰਜ (2) ਹਾਕੀ (3) ਲੁਡੋ (4) ਕੈਰਮ-ਬੋਰਡ

ਪ੍ਰ.79. ਕਿਹੜਾ ਪੌਦਾ ਧਰਤੀ ਉੱਪਰ ਫੈਲ ਜਾਂਦਾ ਹੈ?

(1) ਕਣਕ (2) ਖਜੂਰ (3) ਘੀਆ (4) ਸਫੈਦਾ

ਪ੍ਰ.80. ਕਿਹੜਾ ਫਲ ਖੱਟਾ ਹੈ?

(1) ਸੇਬ (2) ਸੰਤਰਾ (3) ਕੇਲਾ (4) ਚੀਕੂ

ਪ੍ਰ.81. ਕਿਹੜਾ ਪੌਦਾ ਬਿਨਾਂ ਪੱਤਿਆਂ ਤੋਂ ਛਾਂਕਰਦਾ ਹੈ ਅਤੇ ਕੇਸਰੀ ਫੁੱਲ ਲੱਗਦੇ ਲੱਗਦੇ ਹਨ?

(1) ਨਿਮ (2) ਗੰਨਾ (3) ਕਰੀਰ (4) ਸ਼ਰੀਂਹ

ਪ੍ਰ.82. ਟੈਂ-ਟੈਂ ਦੀ ਅਵਾਜ਼ ਕਦੋਂ ਕਰਦਾ ਹੈ?

(1) ਕੁੱਤਾ (2) ਡੱਡੂ (3) ਸ਼ੇਰ (4) ਕੁੱਕੜ

ਪ੍ਰ.83. ਕਿਹੜਾ ਭੋਜਨ ਕੱਚਾ ਨਹੀਂ ਖਾਧਾ ਜਾ ਸਕਦਾ?

(1) ਮੂਲੀ (2) ਚਾਵਲ (3) ਸ਼ਲਗਮ (4) ਬੰਦ ਗੋਭੀ

ਪ੍ਰ.84. ਸੂਰਜ ਦੀਆਂ ਕਿਰਨਾਂ ਨਾਲ ਕਿਹਾ ਚੁੱਲ੍ਹਾ ਚਲਦਾਹੈ?

(1) ਸਟੋਵ (2) ਗੈਸ ਸਟੋਵ (3) ਅੰਗੀਠੀ (4) ਸੋਲਰ-ਕੁੱਕਰ

ਪ੍ਰ.85. ਭੋਜਨ ਪਕਾਉਣ ਲਈਕਿਹੜਾ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ?

(1) ਉਬਾਲ ਕੇ (2) ਭੁੰਨ ਕੇ (3) ਤਲ ਕੇ (4) ਉਪਰੋਕਤ ਸਾਰੇ

ਪ੍ਰ.86. ਫਲੀਆਂ ਕਿਸ ਵਿਧੀ ਰਾਹੀਂ ਪਕਾਈਆਂ ਜਾਂਦੀਆਂ ਹਨ?

(1) ਉਬਾਲ ਕੇ (2) ਤਲ ਕੇ (3) ਭੁੰਨ ਕੇ (4) ਭਾਫ਼ ਰਾਹੀਂ

ਪ੍ਰ.87. ਕਿਹੜੇ ਪੌਦੇ ਦੇਅਸੀਂ ਪੱਤੇ ਖਾਂਦੇ ਹਾਂ?

(1) ਮੂਲੀ (2) ਪਾਲਕ (3) ਗਾਜ਼ਰ (4) ਅਦਰਕ

ਪ੍ਰ.88. ਪੱਕੇ ਘਰ ਕਿਸ ਚੀਜ਼ ਨਾਲ ਬਣਦੇ ਹਨ?

(1) ਮਿੱਟੀ, ਸਾਗ ਅਤੇ ਲੱਕੜ (2) ਇੱਟਾਂ, ਸੀਮਿੰਟ, ਬਜਰੀ

(3) ਬਾਂਸ ਅਤੇ ਕੱਪੜਾ (4) ਘਾਹ-ਫੂਸ ਅਤੇ ਗਾਰਾ

ਪ੍ਰ.89. ਕਿਹੜੇ ਪ੍ਰਾਂਤ ਵਿੱਚ ਵਰਖਾ ਬਹੁਤ ਘੱਟ ਹੁੰਦੀ ਹੈ?

(1) ਰਾਜਸਥਾਨ (2) ਆਸਾਮ (3) ਜੰਮੂ ਕਸ਼ਮੀਰ (4) ਕੇਰਲਾ

ਪ੍ਰ.90. ਪਾਣੀ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ?

(1) ਪੀਣ ਲਈ (2) ਭੋਜਨ ਬਣਾਉਣ ਲਈ (3) ਸਫ਼ਾਈ ਲਈ (4) ਉਪਰੋਕਤ ਸਾਰੇ

ਪ੍ਰ.91. ਭਾਰਤ ਕਿਹੜਾ ਦੇਸ਼ ਹੈ?

(1) ਖੇਤੀ ਪ੍ਰਧਾਨ (2) ਵਿਕਸਿਤ (3) ਅਮੀਰ (4) ਗਰੀਬ

ਪ੍ਰ.92. ਕਿਹੜਾ ਆਵਾਜਾਈ ਦਾ ਸਾਧਨ ਨਹੀਂ ਹੈ?

(1) ਰਿਕਸ਼ਾ (2) ਸਕੂਟਰ (3) ਟੈਲੀਫੋਨ (4) ਟਰੱਕ

ਪ੍ਰ.93. ਕਿਹੜਾ ਜਾਨਵਰ ਭਾਰ ਢੋਣ ਲਈ ਵਰਤਿਆ ਜਾਂਦਾ ਹੈ?

(1) ਮੱਝ (2) ਖੱਚਰ (3) ਗਾਂ (4) ਕੁੱਤਾ

ਪ੍ਰ.94. ਡਾਕੀਏ ਕੋਲ ਕੀ ਹੁੰਦਾ ਹੈ?

(1) ਪੋਸਟ ਕਾਰਡ (2) ਪਾਰਸਲ (3) ਲਿਫਾਫੇ (4) ਉਪਰੋਕਤ ਸਾਰੇ

ਪ੍ਰ.95. ਸੁਨੇਹੇ ਭੇਜਣ ਲਈ ਕਿਸ ਸਾਧਨ ਦੀ ਵਰਤੋਂ ਕੀਤੀ ਜਾਂਦੀ ਹੈ?

(1) ਫੈਕਸ (2) ਈ-ਮੇਲ (3) ਮੋਬਾਇਲ ਫੋਨ (4) ਉਪਰੋਕਤ ਸਾਰੇ

ਪ੍ਰ.96. ਦੁੱਧ ਵੇਚਣ ਵਾਲੇ ਨੂੰ ਕੀ ਕਹਿੰਦੇ ਹਨ?

(1) ਹਲਵਾਈ (2) ਮਿਸਤਰੀ (3) ਦੋਧੀ (4) ਕਿਸਾਨ

ਪ੍ਰ.97. ਸ਼ੇਰ ਦਾ ਭੋਜਨ ਕੀ ਹੈ?

(1) ਮੀਟ (2) ਕਣਕ (3) ਗਾਜਰ (4) ਕੇਲਾ

ਪ੍ਰ.98. ਸਾਨੂੰ ਗਰਮੀ, ਵਰਖਾ ਅਤੇ ਹਨੇਰੀ ਤੋਂ ਕੌਣ ਬਚਾਉਂਦਾ ਹੈ?

(1) ਦਰੱਖਤ (2) ਘਰ (3) ਛਤਰੀ (4) ਫੁੱਲ

ਪ੍ਰ.99. ਭੈਣ-ਭਰਾ ਦਾ ਤਿਉਹਾਰ ਕਿਹੜਾਹੈ?

(1) ਦੀਵਾਲੀ (2) ਹੋਲੀ (3) ਦੁਸਹਿਰਾ (4) ਰੱਖੜੀ

ਪ੍ਰ.100. ਕਿਸ ਪੌਦੇ ਦੇ ਪੱਤੇ ਖੁਸ਼ਬੂਦਾਰ ਨਹੀਂ ਹੁੰਦੇ?

(1) ਪੁਦੀਨਾ (2) ਧਨੀਆਂ (3) ਤੁਲਸੀ (4) ਤੂਤ

## ਬਿਆਨ ਹਲਫੀ

ਮੈਂ ਨਰੇਸ਼ ਕੁਮਾਰ ਪੁੱਤਰ ਸ੍ਰੀ ਸਤਪਾਲ ਵਾਸੀ ਗੁਰੂ ਨਾਨਕ ਕਲੋਨੀ, ਫਾਜ਼ਿਲਕਾ ਤਹਿਸੀਲ ਵਾ ਜ਼ਿਲ੍ਹਾ ਫਾਜ਼ਿਲਕਾ ਦਾ ਰਹਿਣ ਵਾਲਾ ਹਾਂ ਅਤੇ ਹੇਠ ਲਿਖੇ ਅਨੁਸਾਰ ਹਲਫਨ ਬਿਆਨ ਕਰਦਾ ਹਾਂ :-

1. ਮੈਂ ਹਲਫਨ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕਸ਼ਿਸ਼ ਜੋ ਕਿ ਆਪਜੀ ਦੇ ਸਕੂਲ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਹੈ।
2. ਮੈਂ ਹਲਫਨ ਬਿਆਨ ਕਰਦਾ ਹਾਂ ਕਿ ਸਕੂਲ ਦੇ ਰਿਕਾਰਡ ਵਿਚ ਮੇਰੀ ਲੜਕੀ ਕਸ਼ਿਸ਼ ਦੀ ਜਨਮ ਮਿਤੀ 08/06/2002 ਹੈ ਜੋ ਕਿ ਗਲਤ ਦਰਜ਼ ਹੋ ਗਈ ਸੀ।
3. ਮੈਂ ਹਲਫਨ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਦੇ ਜਨਮ ਸਰਟੀਫਿਕੇਟ ਮੁਤਾਬਿਕ ਉਸਦੀ ਜਨਮ ਮਿਤੀ 04/07/2002 ਹੈ, ਜੋ ਕਿ ਬਿਲਕੁਲ ਸਹੀ ਹੈ।
4. ਮੈਂ ਹਲਫਨ ਬਿਆਨ ਕਰਦਾ ਹਾਂ ਕਿ ਸਕੂਲ ਦੇ ਰਿਕਾਰਡ ਵਿਚ ਮੇਰੀ ਲੜਕੀ ਦੀ ਜਨਮ ਮਿਤੀ ਦਰੁਸਤ ਕੀਤੀ ਜਾਵੇ ।

ਬਿਆਨਕਾਰ

**ਤਸਦੀਕ :**

ਮੈਂ ਹਲਫਨ ਬਿਆਨ ਕਰਦਾ ਹਾਂ ਕਿ ਮੇਰਾ ਉਪਰੋਕਤ ਲਿਖਿਆ ਬਿਆਨ ਹਲਫੀਆ ਸਹੀ ਵਾ ਦਰੁਸਤ ਹੈ। ਇਸ ਵਿਚ ਕੋਈ ਅਮਰ ਪੁਸ਼ੀਦਾ ਨਾ ਰਖਿਆ ਗਿਆ ਹੈ ਇਹ ਮੇਰੇ ਅਤਿ ਉਤਮ ਗਿਆਨ ਅਤੇ ਵਿਸ਼ਵਾਸ਼ ਅਨੁਸਾਰ ਦਰੁਸਤ ਹੈ।

ਬਿਆਨਕਾਰ

ਸਥਾਨ : ਫਾਜ਼ਿਲਕਾ

ਮਿਤੀ: 17/10/2017